# ਲਿੰਗ-ਆਧਾਰਿਤ ਹਿੰਸਾ ਬਾਰੇ ਗੱਲਬਾਤ

**ਐਲਬਰਟਾ ਨਿਵਾਸੀ ਇਸ ਬਾਰੇ ਆਪਣੇ ਵਿਚਾਰ ਸਾਂਝੇ ਕਰ ਸਕਦੇ ਹਨ ਕਿ ਐਲਬਰਟਾ ਲਿੰਗ-ਆਧਾਰਿਤ ਹਿੰਸਾ ਨੂੰ ਕਿਵੇਂ ਖਤਮ ਕਰ ਸਕਦਾ ਹੈ। 30 ਨਵੰਬਰ ਤੱਕ ਸਰਵੇਖਣ ਪੂਰਾ ਕਰੋ।**

## ਸੰਖੇਪ ਜਾਣਕਾਰੀ

ਅਸੀਂ ਲਿੰਗ-ਆਧਾਰਿਤ ਹਿੰਸਾ ਬਾਰੇ ਇਕ 10-ਸਾਲਾ ਰਣਨੀਤਕ ਯੋਜਨਾ ਨੂੰ ਜਾਣਕਾਰੀ ਦੇਣ 'ਚ ਮਦਦ ਕਰਨ ਲਈ ਤੁਹਾਡੀ ਇੰਨਪੁਟ ਦੀ ਮੰਗ ਕਰ ਰਹੇ ਹਾਂ ਜੋ ਐਲਬਰਟਾ ਵਿੱਚ ਲਿੰਗ-ਆਧਾਰਿਤ ਹਿੰਸਾ ਨੂੰ ਖਤਮ ਕਰਨ ਅਤੇ ਹਿੰਸਾ 'ਚੋਂ ਬਚ ਨਿਕਲੇ ਲੋਕਾਂ ਦੀ ਸਹਾਇਤਾ ਕਰਨ ਲਈ ਨੈਸ਼ਨਲ ਐਕਸ਼ਨ ਪਲੈਨ ਕੋਲੋਂ ਖਾਸ ਪੂੰਜੀ-ਨਿਵੇਸ਼ਾਂ ਨੂੰ ਅਗਵਾਈ ਦੇਵੇਗੀ।

ਮੇਡ-ਇੰਨ-ਐਲਬਰਟਾ ਰਣਨੀਤਕ ਯੋਜਨਾ ਪੂਰੇ ਸੂਬੇ ਵਿੱਚ ਉਹਨਾਂ ਲੋਕਾਂ ਅਤੇ ਸੰਸਥਾਵਾਂ ਦੇ ਯਤਨਾਂ ਦਾ ਸਮਰਥਨ ਕਰੇਗੀ ਅਤੇ ਉਨ੍ਹਾਂ ਉੱਪਰ ਉਸਰੇਗੀ ਜੋ ਇਸ ਨਾਜ਼ੁਕ ਮੁੱਦੇ ਨੂੰ ਹੱਲ ਕਰਨ ਲਈ ਕੰਮ ਕਰ ਰਹੇ ਹਨ, ਜਦੋਂ ਕਿ ਅਸੀਂ ਲਿੰਗ-ਆਧਾਰਿਤ ਹਿੰਸਾ ਨੂੰ ਖਤਮ ਕਰਨ ਲਈ ਵਚਨਬੱਧ ਰਹਿੰਦੇ ਹਾਂ ਤਾਂ ਜੋ ਹਰ ਐਲਬਰਟਾ ਨਿਵਾਸੀ ਡਰ ਅਤੇ ਹਿੰਸਾ ਦੇ ਅਨੁਭਵ ਦੋਵਾਂ ਤੋਂ ਮੁਕਤ ਰਹਿ ਸਕੇ।

ਲਿੰਗ-ਆਧਾਰਿਤ ਹਿੰਸਾ ਬਾਰੇ 10-ਸਾਲਾ ਰਣਨੀਤਕ ਯੋਜਨਾ ਮਿਸਿੰਗ ਐਂਡ ਮਰਡਰਡ ਇੰਡਿਜਨਸ ਵੂਮੈਨ ਐਂਡ ਗਰਲਜ਼ ਬਾਰੇ ਪ੍ਰੀਮੀਅਰ ਦੀ ਕੌਂਸਲ ਅਤੇ ਹਿਊਮਨ ਟ੍ਰੈਫਿਕਿੰਗ ਐਕਸ਼ਨ ਪਲੈਨ ਦੁਆਰਾ ਪਹਿਲਾਂ ਤੋਂ ਚੱਲ ਰਹੇ ਕੰਮ ਦੀ ਪੂਰਕ ਹੋਵੇਗੀ।

### ਸਮਾਂ-ਰੇਖਾ

ਖੋਲ੍ਹੋ

ਸਰਵੇਖਣ 30 ਨਵੰਬਰ ਨੂੰ ਬੰਦ ਹੋਵੇਗਾ

ਨਤੀਜੇ ਪੁਨਰ-ਪੜਚੋਲ ਅਧੀਨ

ਪੂਰਾ ਹੋਇਆ

### ਕੌਣ ਸੁਣ ਰਿਹਾ ਹੈ

ਮਿਨਿਸਟਰੀ ਆਫ ਆਰਟਸ, ਕਲਚਰ ਐਂਡ ਸਟੇਟਸ ਆਫ ਵੂਮੈਨ

# ਜਾਣਕਾਰ ਬਣੋ

ਨੈਸ਼ਨਲ ਪਲੈਨ ਟੂ ਐਂੱਡ ਜੈਂਡਰ-ਬੇਸਡ ਵਾਇਓਲੈਂਸ ਲਿੰਗ-ਆਧਾਰਿਤ ਹਿੰਸਾ ਤੋਂ ਮੁਕਤ ਅਤੇ ਪੀੜਤਾਂ, ਬਚ ਨਿਕਲਣ ਵਾਲੇ ਲੋਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ, ਭਾਵੇਂ ਉਹ ਕਿਤੇ ਵੀ ਰਹਿੰਦੇ ਹੋਣ, ਸਹਾਇਤਾ ਦੇਣ ਵਾਲੇ ਕੈਨੇਡਾ ਦੀ ਇਕ ਸਾਂਝੀ ਦਿੱਖ ਪ੍ਰਦਾਨ ਕਰਨ ਦੁਆਰਾ ਲਿੰਗ-ਆਧਾਰਿਤ ਹਿੰਸਾ ਨਾਲ ਨਿਪਟਣ ਦਾ ਇੱਕ 10-ਸਾਲਾ ਰਣਨੀਤਕ ਮਸੌਦਾ ਹੈ।

ਐਲਬਰਟਾ ਨੂੰ ਰਾਸ਼ਟਰੀ ਯੋਜਨਾ ਦੁਆਰਾ ਪ੍ਰਦਾਨ ਕੀਤੀ ਫੰਡਿੰਗ ਵਜੋਂ 4 ਸਾਲਾਂ ਵਿੱਚ 54 ਮਿਲੀਅਨ ਡਾਲਰ ਪ੍ਰਾਪਤ ਹੋਣਗੇ।

ਲਿੰਗ-ਆਧਾਰਿਤ ਹਿੰਸਾ ਨੂੰ ਖਤਮ ਕਰਨ ਲਈ ਨੈਸ਼ਨਲ ਐਕਸ਼ਨ ਪਲੈਨ ਬਾਰੇ ਹੋਰ ਜਾਣੋ।

# ਸ਼ਾਮਲ ਹੋਵੋ

## ਆਨਲਾਈਨ ਸਰਵੇਖਣ

ਅਸੀਂ ਲਿੰਗ-ਆਧਾਰਿਤ ਹਿੰਸਾ ਨੂੰ ਕਿਵੇਂ ਖਤਮ ਕਰ ਸਕਦੇ ਹਾਂ ਇਸ ਬਾਰੇ ਆਪਣੇ ਵਿਚਾਰ ਸਾਂਝੇ ਕਰੋ। 30 ਨਵੰਬਰ ਤੱਕ ਆਨਲਾਈਨ ਸਰਵੇਖਣ ਪੂਰਾ ਕਰੋ।

ਸਰਵੇਖਣ ਭਰੋ

## ਲਿਖਤੀ ਸਬਮਿਸ਼ਨ

ਲਿੰਗ-ਆਧਾਰਿਤ ਹਿੰਸਾ ਨਾਲ ਸੰਬੰਧਿਤ ਵਿਸ਼ਿਆਂ 'ਤੇ ਆਪਣੀ ਖੋਜ, ਉੱਤਮ ਅਤੇ ਆਸਮਈ ਅਭਿਆਸਾਂ ਅਤੇ ਤੱਥ-ਆਧਾਰਿਤ ਦਸਤਾਵੇਜ਼ਾਂ ਨੂੰ ਸਾਂਝਾ ਕਰੋ।

ਆਪਣੇ ਸਬਮਿਸ਼ਨ ਅੱਪਲੋਡ ਕਰੋ

## ਮਿਥੇ ਜਾਣ ਵਾਲੇ ਸੈਸ਼ਨ

ਲਿੰਗ-ਆਧਾਰਿਤ ਹਿੰਸਾ ਨੂੰ ਕਿਵੇਂ ਖਤਮ ਕਰਨਾਂ ਹੈ, ਇਸ ਬਾਰੇ ਉਹਨਾਂ ਦੇ ਵਿਚਾਰ ਸੁਣਨ ਲਈ ਅਸੀਂ ਲਿੰਗ-ਆਧਾਰਿਤ ਹਿੰਸਾ ਖੇਤਰ ਦੇ ਲੀਡਰਾਂ, ਬਚ ਨਿਕਲੇ ਲੋਕਾਂ, ਮਿਊਂਸਪੈਲਿਟੀਆਂ, ਭਾਈਚਾਰਕ ਸੰਸਥਾਵਾਂ, ਇੰਡਿਜਨਸ ਭਾਈਚਾਰਿਆਂ ਅਤੇ ਹੋਰ ਲਿੰਗ-ਆਧਾਰਿਤ ਹਿੰਸਾ ਖੇਤਰ ਦੇ ਭਾਈਵਾਲਾਂ ਨਾਲ ਮਿਲਾਂਗੇ।

# ਨਤੀਜੇ

ਤੁਹਾਡੀ ਇੰਨਪੁੱਟ ਲਿੰਗ-ਆਧਾਰਿਤ ਹਿੰਸਾ ਨੂੰ ਖਤਮ ਕਰਨ ਅਤੇ ਇਸ 'ਚੋਂ ਬਚ ਨਿਕਲਣ ਵਾਲਿਆਂ ਦੀ ਸਹਾਇਤਾ ਕਰਨ ਲਈ 10-ਸਾਲ ਦੀ ਰਣਨੀਤਕ ਯੋਜਨਾ ਨੂੰ ਜਾਣਕਾਰੀ ਦੇਣ ਵਿੱਚ ਮਦਦ ਕਰੇਗੀ।

ਝਟਪਟ ਪਲਾਇਨ

Classification: Public